# ਪੰਜਾਬੀ

## ਬਾਹਰਵੀਂ

**2010-11**

**ਸਮਾਂ-3 ਘੰਟੇ** **ਕੁੱਲ ਅੰਕ-100**

**ਨੋਟ-** 1. ਸ਼ਾਰੇ ਪ੍ਰਸ਼ਨਾਂ ਦੇ ਉੱਤਰ ਕ੍ਰਮਵਾਰ ਲਿਖੋ।

2. ਲਿਖਾਈ ਸਾਫ ਅਤੇ ਸੁੰਦਰ ਕਰੋ।

## ਭਾਗ (ੳ)

I. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ- 10

ਲ਼ੋਕ ਗੀਤ ਕਿਸੇ ਜਾਤੀ ਦੇ ਹਿਰਦੇ ਦਾ ਪ੍ਰਕਾਸ਼ ਹੁੰਦੇ ਹਨ। ਇਹ ਲੋਕਾਂ ਦੇ ਵੇਗ ਵਿੱਚ ਆਏ ਉਹ ਜਜਬੇ ਤੇ ਸੱਧਰਾਂ ਹਨ, ਜੋ ਸਹਿਜ ਰੂਪ ਵਿੱਚ ਹੀ ਸ਼ਬਦਾਂ ਦਾ ਬਾਣਾ ਪਾਕੇ ਸਮੂਰਤ ਹੋ ਗਈਆਂ ਹਨ। ਇਹਨਾਂ ਦੀ ਤੁਲਨਾਂ ਉਹਨਾਂ ਚਸ਼ਮਿਆਂ ਨਾਲ ਕੀਤੀ ਜਾ ਸਕਦੀ ਹੈ, ਜਿਹੜੇ ਧਰਤੀ ਦੀ ਹਿੱਕ ਵਿੱਚ ਆਪ ਮੁਹਾਰੇ ਛਲਕ ਕੇ ਵਹਿਣ ਬਣਕੇ ਫੈਲ ਜਾਂਦੇ ਹਨ। ਜਾਂ ਫਿਰ ਉਹਨਾਂ ਫੁੱਲਾਂ ਨਾਲ ਜਿਹੜੇ ਜੰਗਲਾਂ ਤੇ ਵੀਰਾਨਿਆਂ ਵਿੱਚ ਖੁਦ-ਬਖੁਦ ਉਗਦੇ ਤੇ ਮੁਸਕਰਾਉਂਦੇ ਰਹਿੰਦੇ ਹਨ। ਇਹਨਾਂ ਵਿਚਲਾ ਸਹਿਜ ਰਸ ਹਵਾ ਨਾਲ ਰੁਮਕਦੀ ਉਸ ਸੁਗੰਧੀ ਵਾਂਗ ਭਿੰਨਾ ਹੁੰਦਾ ਹੈ, ਜਿਹੜੀ ਪਤਾ ਨਹੀਂ ਕਿੱਥੋਂ ਕਿੱਥੋਂ ਝੋਲਾ ਭਰ ਲਿਆਉਂਦੀ ਹੈ। ਇਹ ਗੀਤ ਮਨੁੱਖੀ ਮਨ ਦੇ ਉਛਾਲੇ ਹਨ, ਹਿਰਦੇ ਦੀ ਤਹਿ ਦੀ ਕੋਈ ਤਰੰਗ, ਜੀਵਨ ਦਾ ਕੋਈ ਝੋਕਾ । ਆਦਿ ਕਾਲ ਤੋਂ ਹੀ ਪ੍ਰਾਣੀ ਸੁਹਜ ਦਾ ਰਸੀਆ ਰਿਹਾ ਹੈ। ਮੁਢਲੀਆਂ ਲੋੜਾਂ ਦੀ ਪੂਰਤੀ ਦੇ ਨਾਲ-ਨਾਲ ਆਪਣੀ ਸੁਹਜ ਭੁੱਖ ਦੀ ਤ੍ਰਿਪਤੀ ਲਈ ਵੀ ਜਤਨ ਕਰਦਾ ਹੈ। ਇਸ ਦਾ ਜਰੀਆ ਸੰਗੀਤ, ਨਾਚ, ਚਿੱਤਰਕਾਰੀ, ਸਾਹਿਤ ਆਦਿ ਬਣਦੇ ਹਨ। ਪਰ ਆਦਿ ਕਾਲ ਤੋਂ ਹੀ ਪ੍ਰਾਣੀਆਂ ਨੂੰ ਸ਼ਬਦਾਂ ਨਾਲੋਂ ਧੁਨੀਆ ਵਧੇਰੇ ਰਸਦਾਇਕ ਲੱਗੀਆਂ ਹਨ। ਇਸੇ ਕਰਕੇ ਗੀਤ ਧੁਰ ਤੋਂ ਹੀ ਮਨੁੱਖ ਜਾਤੀ ਦੇ ਅੰਗ-ਸੰਗ ਰਹੇ ਹਨ। ਸੱਚ ਹੀ ਲੋਕ ਗੀਤਾਂ ਤੋਂ ਬਿਨਾਂ ਮਨੁੱਖੀ ਜੀਵਨ ਦਾ ਆਧਾਰ ਬਣਨ ਵਾਲਾ ਸਭਿਆਚਾਰ ਹੀ ਨੀਰਸ ਹੋ ਜਾਵੇ।

1. ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਓ।
2. ਲੋਕ ਗੀਤ ਕਿਵੇਂ ਜਨਮ ਲੈਂਦਾ ਹੈ?
3. ਲ਼ੋਕ ਗੀਤ ਦੀ ਤੁਲਨਾ ਕਿਸ ਕਿਸ ਨਾਲ ਕੀਤੀ ਗਈ ਹੈ?
4. ਮਨੁੱਖੀ ਸੁਹਜ ਭੁੱਖ ਦੀ ਤ੍ਰਿਪਤੀ ਦਾ ਕੀ ਸਾਧਨ ਹੈ?
5. ਮਨੁੱਖੀ ਜੀਵਨ ਵਿੱਚ ਲੋਕ ਗੀਤਾਂ ਦਾ ਕੀ ਮਹੱਤਵ ਹੈ।

II. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਪਰ ਨਿਬੰਧ ਲਿਖੋ- 10

1. ਕੰਪਿਊਟਰ ਦਾ ਯੁੱਗ 2. ਸਾਂਝੀ ਵਿਦਿਆ 3. ਵਿਦਿਆਰਥੀ ਅਤੇ ਅਨੁਸ਼ਾਸ਼ਨ 4. ਇੰਟਰਨੈਟ

III. ਕਿਸੇ ਅਖਬਾਰ ਦੇ ਸੰਪਾਦਕ ਨੂੰ ਆਪਣੇ ਸ਼ਹਿਰ ਦੇ ਬੱਸ ਅੱਡੇ ਦੀ ਦੁਰਦਸ਼ਾ ਬਾਰੇ ਪੱਤਰ ਲਿਖੋ, ਜਿਸ ਰਾਹੀਂ ਸੰਬੰਧਿਤ ਅਧਿਕਾਰੀਆਂ ਦਾ ਧਿਆਨ ਇਸ ਪਾਸੇ ਖਿੱਚੋ ਅਤੇ ਸੁਧਾਰ ਦੇ ਉਪਾਅ ਵੀ ਬਿਆਨ ਕਰੋ। 10

(ਜਾਂ)

ਤੁਸੀਂ ਕਿਸੇ ਵਿਅਕਤੀ ਦੁਆਰਾ ਦੁਸਰਿਆਂ ਦੀ ਮਦਦ ਕਰਨ ਦੀ ਘਟਨਾ ਦੇਖੀ ਹੈ, ਇਸਨੂੰ ਬਿਆਨ ਕਰਦਾ ਇੱਕ ਪੱਤਰ ਕਿਸੇ ਅਖਬਾਰ ਦੇ ਸੰਪਾਦਕ ਨੂੰ ਲਿਖੋ।

IV. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਦ੍ਰਿਸ਼ ਦਾ ਵਰਣਨ ਲਗਭਗ 200 ਸ਼ਬਦਾਂ ਵਿੱਚ ਕਰੋ- 5

1. ਪ੍ਰੀਖਿਆ ਹਾਲ ਦਾ ਦ੍ਰਿਸ਼ 2. ਰੇਲਵੇ ਸਟੇਸ਼ਨ ਦਾ ਦ੍ਰਿਸ਼

V. ਹੇਠ ਲਿਖੀਆਂ ਵਿੱਚੋਂ ਕਿਸੇ ਇੱਕ ਸਿੱਖਿਆ ਨੂੰ ਦਰਸਾਉਂਦੀ ਕਹਾਣੀ ਲਿਖੋ- 5

1. ਸਹਿਜ ਪਕੇ ਸੋ ਮੀਠਾ ਹੋਇ 2. ਕਰ ਭਲਾ ਹੋ ਭਲਾ

VI. ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਉੱਪਰ ਵਰਤੇ ਜਾਂਦੇ ਹਨ- 2

1. ਮੁੱਦਈ ਸੁਸਤ ਗਵਾਹ ਚੁਸਤ 2. ਗੰਗਾ ਗਏ ਤਾਂ ਗੰਗਾ ਰਾਮ ਜਮਨਾ ਗਏ ਤਾਂ ਜਮਨਾ ਦਾਸ

VII. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸੋ- 2

1. ਉੱਲੂ ਸਿੱਧਾ ਕਰਨਾ 2. ਉਂਗਲਾਂ ਤੇ ਨਚਾਉਣਾ

VIII. ਹੇਠ ਲਿਖੇ ਵਾਕ ਦੀ ਵਾਕ-ਵੰਡ ਕਰੋ- 4

ਮਹਾਰਾਜ ਰਣਜੀਤ ਸਿੰਘ ਨੇ ਸਾਰੇ ਪੰਜਾਬ ਨੂੰ ਇੱਕ ਕਰ ਦਿੱਤਾ।

IX. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ- 2

1. ਇਹ ਸਰਕਾਰੀ ਕੁੜੀਆਂ ਦਾ ਸਕੂਲ ਹੈ।
2. ਉਸਦਾ ਚਾਚਾ ਜਾਂ ਚਾਚੀ ਅੱਜ ਆਉਣਗੇ।

## ਭਾਗ (ਅ)

X. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ- 8

(ੳ) ਪੱਥਰ ਦਾ ਬੁੱਤ ਬੱਸ,

ਕਿ ਹੋਰ ਕੁੱਝ
ਇਹ ਬੁੱਧ ਜੀ ਦਾ ਬੁੱਤ ਲੋਕੀਂ ਆਖਦੇ,
ਵੱਡੇ-ਵੱਡੇ ਝੁਕਦੇ, ਰਸੀਏ ਮੰਨਦੇ, ਘੜਨਹਾਰ ਦਾ ਟਿਕਾਉ ਇੱਥੇ ਸਾਰਾ,
ਉਹਦਾ ਸੁਖ-ਰਸ ਪੱਥਰ ਵਿੱਚ ਸਮਾਇਆ ਹੈ ਵਾਂਗ ਰਾਗ ਦੇ।
ਰਾਗ ਦੀ ਠੰਡੀ ਠਾਰ ਰੌ ਵਗਦੀ,
ਪੱਥਰ ਵਿੱਚ ਦਿਲ ਦੀ ਰੌ ਨੂੰ ਵੇਖਣਾ!
ਮੱਥਾ ਕਿਹਾ ਲਸਦਾ,
ਨਿਰਵਾਨ ਦੇ ਅਕਹਿ ਜਿਹੇ ਸੁਖ ਵਿੱਚ।

1. ਇਹ ਸਤਰਾਂ ਕਿਸ ਕਵਿਤਾ ਵਿੱਚੋਂ ਹਨ।ਕਵੀ ਦਾ ਨਾਂ ਵੀ ਦੱਸੋ?
2. ਪੱਥਰ ਵਿੱਚ ਕੀ ਸਮਾਇਆ ਹੋਇਆ ਹੈ?
3. ਬੁੱਧ ਜੀ ਦਾ ਮੱਥਾ ਕਿਉਂ ਲੱਸ ਰਿਹਾ ਹੈ?
4. ਬੁੱਤ ਕੋਲ ਕੌਣ-ਕੌਣ ਆਉਂਦੇ ਹਨ? (ਜਾਂ)

ਚੱਪਾ ਚੰਨ ਤੇ ਮੁੱਠ ਕੁ ਤਾਰੇ, ਸਾਡਾ ਮੱਲ ਬੈਠੇ ਅਸਮਾਨ,
ਸਾਡੀਆਂ ਭੁੱਖਾਂ ਇੰਨੀਆਂ ਵੱਡੀਆਂ ਪਰ ਓ ਦਾਤਾ! ਤੇਰੇ ਦਾਨ,
ਮੁੱਠ ਕੁ ਤਾਰੇ ਤਰੌਂਕ ਕੇ,
ਤੇ ਚੱਪਾ ਕੁ ਚੰਨ ਸੁੱਟਕੇ ਸਬਰ ਸਾਡਾ ਅਜਮਾਣ,
ਸੁੱਟ ਦੇਣ ਕੁੱਝ ਰਿਸ਼ਮਾਂ, ਡੇਗ ਦੇਣ ਕੁੱਝ ਲੋਆਂ,
ਪਰ ਵਿਲਕਣ ਪਏ ਧਰਤੀ ਦੇ ਅੰਗ, ਇਹ ਅੰਗ ਨਾ ਉਹਨਾਂ ਨੂੰ ਲਾਣ।

1. ਇਹ ਸਤਰਾਂ ਕਿਸ ਕਵਿਤਾ ਵਿੱਚੋਂ ਹਨ।ਕਵੀ ਦਾ ਨਾਂ ਵੀ ਦੱਸੋ?
2. ਚੰਨ ਨੂੰ ਚੱਪਾ ਕੁ ਕਹਿਣ ਤੋਂ ਕੀ ਭਾਵ ਹੈ?
3. ਕਵਿਤਾ ਵਿੱਚ ਤਾਰੇ ਅਤੇ ਚੰਨ ਕਿਸ ਚੀਜ ਦਾ ਪ੍ਰਤੀਕ ਹਨ?
4. ਸਬਰ ਦੀ ਅਜਮਾਇਸ਼ ਕਿਸ ਤਰ੍ਹਾਂ ਕੀਤੀ ਜਾ ਰਹੀ ਹੈ?

XI. 'ਕੈਲੋਂ ਦੇ ਗਲ ਲੱਗੀ ਵੇਲ' ਜਾਂ 'ਕੱਖਾਂ ਦੀ ਕੁੱਲੀ'ਵਿੱਚੋਂ ਕਿਸੇ ਇੱਕ ਕਵਿਤਾ ਦਾ ਵਿਸ਼ਾ ਵਸਤੂ ਲਿਖੋ। 7

XII. ਹੇਠ ਲਿਖੇ ਵਾਰਤਕ ਟੋਟਿਆਂ ਵਿੱਚੋਂ ਕਿਸੇ ਇੱਕ ਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ- 5

ਹਾਲੇ ਓਪਰਾ ਕਰਦੀ ਐ। ਨਵਾਂ ਪਸ਼ੂ ਚਰ ਨ੍ਹੀ ਕਰਦਾ ਹੁੰਦਾ ਬਹੁਤਾ। ਸੁਰਾ ਨਸਲ ਐ ਮੇਰੀ ਜਾਚੇ। ਮਸਾਂ ਬੱਕਰੀ ਜਿੰਨੀ ਖਰਾਕ ਹੁੰਦੀ ਐ ਏਸ ਰਵੇ ਦੀ ਤੇ ਦੁੱਧ ਦਿੰਦੈ ਰੱਜ ਕੇ। ਦਾਣੇ ਦੀ ਦੱਬ ਰੱਖਿਓ।

1.ਕਹਾਣੀ ਅਤੇ ਕਹਾਣੀਕਾਰ ਦਾ ਨਾਂ ਦੱਸੋ?
2.ਇਹ ਸ਼ਬਦ ਕਿਸ ਨੇ ਕਿਸਨੂੰ ਕਹੇ?
3.ਇਹਨਾਂ ਸਤਰ੍ਹਾਂ ਵਿੱਚ ਕਿਸ ਬਾਰੇ ਗੱਲ ਕੀਤੀ ਜਾ ਰਹੀ ਹੈ?

(ਜਾਂ)

ਤੂੰ ਅੰਨ੍ਹੀ ਕਾਹਨੂੰ ਐਂ? ਮੈਂ ਈ ਨੇਰ੍ਹ ਢੋਨਾ। ਹਲ ਮਗਰ ਖੁੱਚਾਂ ਤੜੋਂਦੇ ਦੀ ਬੱਸ ਹੋ ਜਾਂਦੀ ਐ। ਤੇ ਘਰ ਆ ਕੇ ਚੱਜ ਨਾਲ ਟੁੱਕ ਵੀ ਨੀ ਜੁੜਦਾ।

1. ਕਹਾਣੀ ਅਤੇ ਕਹਾਣੀਕਾਰ ਦਾ ਨਾਂ ਦੱਸੋ।
2. ਇਹ ਸ਼ਬਦ ਕਿਸਨੇ ਕਿਸਨੂੰ ਕਹੇ?
3. ਅੰਨ੍ਹੀ ਕਿਸਨੂੰ ਤੇ ਕਿਉਂ ਕਿਹਾ ਗਿਆ ਹੈ?

XIII. ਸ਼ੇਰਨੀਆਂ ਜਾਂ ਕਾਰ ਖਿਡੌਣਾ ਕਹਾਣੀ ਦਾ ਵਿਸ਼ਾ ਵਸਤੂ ਲਿਖੋ। 5

XIV. ਹੇਠ ਲਿਖੇ ਪੈਰ੍ਹਿਆਂ ਵਿੱਚੋਂ ਕਿਸੇ ਇੱਕ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ- 8

ਮੈਂ ਕਹਿਨਾਂ ਤੇਰੀ ਮੱਤ ਨੂੰ ਖਬਰੇ ਕੀ ਹੋ ਗਿਐ। ਇੱਕ ਰਾਤ ਦੀ ਨੀਂਦ ਦਾ ਤੈਨੂੰ ਫਿਕਰ ਸੀ, ਜਿਹੜੀ ਹੁਣ ਸਾਰੀ ਉਮਰ ਦੀ ਬੱਜ ਲੱਗ ਜਾਣੀ ਏਂ, ਉਹਦਾ ਤੈਨੂੰ ਖਿਆਲ ਤੱਕ ਨਾ ਆਇਆ।

1. ਨਾਟਕ ਅਤੇ ਨਾਟਕਕਾਰ ਦਾ ਨਾਂ ਲਿਖੋ।
2. ਇਹ ਸ਼ਬਦ ਕਿਸਨੇ ਕਿਸਨੂੰ ਕਹੇ?
3. ਕਿਹੜਾ ਬੱਜ ਲੱਗਣ ਦੀ ਗੱਲ ਕੀਤੀ ਗਈ ਹੈ?
4. ਨੀਂਦ ਦਾ ਫਿਕਰ ਤੋਂ ਇੱਥੇ ਕੀ ਭਾਵ ਹੈ?
5. ਇਹ ਸ਼ਬਦ ਨਾਟਕ ਦੇ ਕਿਸ ਨਾਟ ਵਿੱਚੋਂ ਲਏ ਗਏ ਹਨ

(ਜਾਂ)

ਹਉਮੈਂ ਤੋਂ ਬਿਨਾਂ ਵੀ ਕੋਈ ਮਨੁੱਖ ਏ। ਹਉਮੈਂ ਤੁਹਾਡੇ ਵਿੱਚ ਵੀ ਘੱਟ ਨਹੀਂ। ਪਰ ਉਸ ਉੱਪਰ ਕਈ ਭਾਵਾਂ ਉਪ-ਭਾਵਾਂ ਦੇ ਪਰਦੇ ਪਏ ਹੋਏ ਨੇ।

1. ਨਾਟਕ ਅਤੇ ਨਾਟਕਕਾਰ ਦਾ ਨਾਂ ਲਿਖੋ।
2. ਇਹ ਸ਼ਬਦ ਕਿਸਨੇ ਕਿਸਨੂੰ ਕਹੇ?
3. ਭਾਵਾਂ ਦੇ ਪਰਦੇ ਪਾਉਣ ਤੋਂ ਕੀ ਭਾਵ ਹੈ?
4. ਹਰ ਮਨੁੱਖ ਵਿੱਚ ਕੀ ਮੌਜੂਦ ਹੈ?
5. ਇਹ ਸ਼ਬਦ ਨਾਟਕ ਦੇ ਕਿਸ ਨਾਟ ਵਿੱਚੋਂ ਲਏ ਗਏ ਹਨ?

XV. ਸ਼ੋਭਾ ਦਾ ਪਾਤਰ ਚਿਤਰਨ ਕਰੋ। (ਜਾਂ) 7

ਸ਼ੋਭਾ ਸ਼ਕਤੀ ਨਾਟਕ ਦੇ ਕਥਾਨਕ ਬਾਰੇ ਲਿਖੋ।

XVI. ਆਧੁਨਿਕ ਪੰਜਾਬੀ ਕਵਿਤਾ ਦੇ ਨਿਕਾਸ ਅਤੇ ਵਿਕਾਸ ਬਾਰੇ ਵਿਸਤਾਰ ਸਹਿਤ ਲਿਖੋ। 10

(ਜਾਂ)

ਪੰਜਾਬੀ ਨਿੱਕੀ ਕਹਾਣੀ ਦੇ ਨਿਕਾਸ ਅਤੇ ਵਿਕਾਸ ਬਾਰੇ ਲਿਖੋ।

-----------o------------

ਰਕੇਸ਼ ਕੁਮਾਰ (ਪੰਜਾਬੀ ਅਧਿਆਪਕ)
ਜਵਾਹਰ ਨਵੋਦਿਆ ਵਿਦਿਆਲਿਆ
ਤਿਉਣਾ ਪੁਜਾਰੀਆਂ (ਬਠਿੰਡਾ)
ਈ.ਮੇਲ : rakeshjnv2004@Gmail.com